## BI Monthly ਸਤੰਬਰ 2020 ਮਾਡਲ ਟੈਸਟ ਪੇਪਰ
## ਸਮਾਜਿਕ ਸਿੱਖਿਆ (40 ਅੰਕ)

### ਜਮਾਤ –10ਵੀਂ

**ਕੁੱਲ ਪ੍ਰਸ਼ਨ:20** **ਅੰਕ:40**

Part -1 PAS Questions:-

1. ਨਵੰਬਰ 1525 ਈ. ਵਿੱਚ ਆਪਣੀ ਸੈਨਾ ਨਾਲ ਕਾਬੁਲ ਤੋਂ ਦਿੱਲੀ ਵੱਲ ਹਮਲਾ ਕਰਦਾ ਹੈ ਅਤੇ ਇਬਰਾਹੀਮ ਲੋਧੀ ਨੂੰ ਮਾਰ ਕੇ ਜੇਤੂ ਰਹਿੰਦਾ ਹੈ।ਕੀ ਤੁਸੀ ਇਸ ਜੇਤੂ ਸ਼ਾਸ਼ਕ ਦਾ ਨਾਮ ਜਾਣਦੇ ਹੋ?

ੳ. ਹਮਾਯੂੰ

ਅ. ਬਾਬਰ

ੲ. ਜਹਾਂਗੀਰ

ਸ. ਦੌਲਤ ਖਾਂ

2. ਕਸ਼ਮੀਰ ਵਿੱਚ ਬੁਰਜਿਲ ਅਤੇ ਜ਼ੋਜੀਲਾ, ਸਿੱਕਮ ਵਿੱਚ ਨਾਥੂਲਾ ਅਤੇ ਜਲੇਪ ਲਾ । ਭੂਗੋਲ ਦੀ ਭਾਸ਼ਾ ਵਿੱਚ ਮੇਰਾ ਹੋਰ ਨਾਮ ਕਿਹੜਾ ਹੈ?

ੳ. ਪਰਬਤ

ਅ. ਪਠਾਰ

ੲ. ਦੱਰ੍ਹਾ

ਸ. ਘਾਟੀ

3. ਮੈਂ ਯਾਤਾਯਾਤ ਦਾ ਸਬ ਤੋਂ ਤੇਜ਼ ਅਤੇ ਮਹਿੰਗਾ ਸਾਧਨ ਹਾਂ। ਭਾਰਤ ਵਿੱਚ ਸਰਵਜਨਕ ਖੇਤਰ ਵਿੱਚ ਮੇਰੀਆਂ ਤਿੰਨ ਕੰਪਨੀਆਂ ਹਨ। ਸੰਨ 1992 ਪਿੱਛੋਂ ਕਈ ਨਿੱਜੀ ਕੰਪਨੀਆਂ ਵੀ ਸਥਾਪਤ ਕੀਤੀਆਂ ਗਈਆਂ। ਹੇਠਾਂ ਲਿਖਿਆਂ ਵਿੱਚੋਂ ਦੱਸੋਂ ਕਿ ਮੈਂ ਕਿਹੜਾ ਸਾਧਨ ਹਾਂ?

ੳ. ਰੇਲਵੇ

ਅ. ਬੱਸ

ੲ. ਹਵਾਈ ਜ਼ਹਾਜ਼

ਸ. ਬੁਲੇਟ ਟਰੇਨ

LIVEWORKSHEETS

4. ਇਸ ਸਥਾਨ ਤੇ ਉਹ ਸਿੰਘ ਜੋ ਅਨੰਦਪੁਰ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਗਏ ਸਨ ਉਹ ਵੀ ਉੱਥੇ ਪੁੱਜ ਚੁੱਕੇ ਸਨ। 29 ਦਸੰਬਰ 1705 ਈ. ਨੂੰ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਅਤੇ ਸਿੰਘਾਂ ਵਿਚਕਾਰ ਘਮਸਾਣ ਦਾ ਯੁੱਧ ਹੋਇਆ। ਉਸ ਸਮੇਂ 'ਖਿਦਰਾਣੇ ਦੀ ਢਾਬ' ਦੇ ਨਾਮ ਨਾਲ ਪ੍ਰਸਿੱਧ ਸ਼ਹਿਰ ਦਾ ਨਾਮ ਬਾਅਦ ਵਿੱਚ ਕੀ ਪਿਆ, ਹੇਠਾਂ ਲਿਖਿਆ ਵਿੱਚੋਂ ਲੱਭੋ।

ੳ. ਪਟਿਆਲਾ

ਅ. ਮੁਕਤਸਰ

ੲ. ਜਲੰਧਰ

ਸ. ਗੁਰਦਾਸਪੁਰ

5. ਭਾਰਤ ਦੇਸ਼ ਦੇ ਹਰੇਕ ਰਾਜ ਦਾ ਇੱਕ ਰਾਜਪਾਲ ਹੁੰਦਾ ਹੈ।ਕੀ ਤੁਸੀਂ ਦੱਸ ਸਕਦੇ ਹੋ ਕਿ ਰਾਜਪਾਲਾਂ ਦੀ ਨਿਯੁਕਤੀ ਕਿਸ ਦੁਆਰਾ ਕੀਤੀ ਜਾਂਦੀ ਹੈ ।

ੳ. ਪ੍ਰਧਾਨ ਮੰਤਰੀ

ਅ. ਗ੍ਰਹਿ ਮੰਤਰੀ

ੲ. ਰਾਸ਼ਟਰਪਤੀ

ਸ. ਸੁਪਰੀਮ ਕੋਰਟ

6. ਤੁਸੀਂ ਪੰਜਾਬ ਵਿੱਚ ਰਹਿੰਦੇ ਹੋ ਅਤੇ ਜਨਵਰੀ ਮਹੀਨੇ ਵਿੱਚ ਘੁੰਮਣ ਲਈ ਮੁੰਬਈ ਜਾਣਾ ਚਾਹੁੰਦੇ ਹੋ, ਤੁਹਾਨੂੰ ਉੱਥੇ ਗਰਮ ਕੱਪੜੇ ਲਿਜਾਣ ਦੀ ਲੋੜ ਕਿਉਂ ਨਹੀਂ ਹੈ ।ਕਿਉਂ ਕਿ ਮੁੰਬਈ ਵਿੱਚ ਜਲਵਾਯੂ ਹੈ।

ੳ. ਸਮ ਜਲਵਾਯੂ

ਅ. ਠੰਡਾ ਜਲਵਾਯੂ

ੲ. ਅਤੀ ਠੰਡਾ ਜਲਵਾਯੂ

ਸ. ਅਤੀ ਗਰਮ ਜਲਵਾਯੂ

7. ਅਧਿਆਪਕ ਨੇ ਕਲਾਸ ਵਿੱਚ ਕੇਂਦਰ ਸਰਕਾਰ ਦੀ ਬਣਤਰ ਬਾਰੇ ਦੱਸਦਿਆ ਕਿਹਾ ਕਿ ਕਿਵੇਂ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚੋ ਸੰਸਦ ਮੈਂਬਰ ਚੁਣੇ ਜਾਂਦੇ ਹਨ ਅਤੇ ਕੇਂਦਰੀ ਸਰਕਾਰ ਦਾ ਗਠਨ ਕੀਤਾ ਜਾਂਦਾ ਹੈ। ਵੱਖ-ਵੱਖ ਰਾਜਾਂ ਵਿੱਚੋਂ ਸੰਸਦ ਮੈਂਬਰਾਂ ਦੀ ਗਿਣਤੀ ਬਾਰੇ ਵੀ ਦੱਸਿਆ ਗਿਆ। ਕੀ ਤੁਹਾਨੂੰ ਯਾਦ ਹੈ ਕਿ ਅਧਿਆਪਕ ਨੇ ਪੰਜਾਬ ਵਿੱਚੋਂ ਕਿੰਨੇ ਸੰਸਦ ਮੈਂਬਰ ਚੁਣੇ ਜਾਣ ਬਾਰੇ ਦੱਸਿਆ ਹੋਵੇਗਾ।

ੳ. ਦਸ

ਅ. ਸੱਤ

ੲ. ਤੇਰਾਂ

ਸ. ਵੀਹ

LIVEWORKSHEETS

8. ਬੱਚਿਓ ! ਚੰਡੀਗੜ੍ਹ ਇੱਕ ਖ਼ੂਬਸੂਰਤ ਸ਼ਹਿਰ ਹੈ ਅਤੇ ਭਾਰਤ ਦਾ ਇਹ ਇੱਕ ਕੇਂਦਰੀ ਸ਼ਾਸ਼ਤ ਪ੍ਰਦੇਸ਼ ਵੀ ਹੈ। ਇਹ ਸ਼ਹਿਰ ਦੋ ਰਾਜਾਂ ਦੀ ਸਾਂਝੀ ਰਾਜਧਾਨੀ ਵੀ ਹੈ। ਆਓ ਹੇਠਾਂ ਲਿਖਿਆਂ ਰਾਜਾਂ ਵਿੱਚੋਂ ਲੱਭੀਏ ਕਿ ਇਹ ਕਿਹੜੇ-ਕਿਹੜੇ ਰਾਜਾਂ ਦੀ ਰਾਜਧਾਨੀ ਵੀ ਹੈ।

ੳ. ਹਿਮਾਚਲ ਪ੍ਰਦੇਸ਼ ਅਤੇ ਪੰਜਾਬ
ਅ. ਪੰਜਾਬ ਅਤੇ ਹਰਿਆਣਾ
ੲ. ਪੰਜਾਬ ਅਤੇ ਉੱਤਰ ਪ੍ਰਦੇਸ਼
ਸ. ਪੰਜਾਬ ਅਤੇ ਰਾਜਸਥਾਨ

9. ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸਥਾਨ ਤੇ ਬਾਉਲੀ ਸਾਹਿਬ ਦੇ ਨਿਰਮਾਣ ਦਾ ਕੰਮ ਆਪ ਪੂਰਾ ਕੀਤਾ। ਇਸ ਦੀਆਂ 84 ਪੌੜੀਆਂ ਬਣਾਈਆਂ ਗਈਆਂ। ਸਿੱਖਾਂ ਦਾ ਇਹ ਸੁਤੰਤਰ ਤੀਰਥ ਸਥਾਨ ਬਿਆਸ ਦਰਿਆ ਦੇ ਕੰਢੇ ਤੇ ਸਥਿਤ ਹੈ। ਉਹਾਨੂੰ ਯਾਦ ਆ ਗਿਆ ਹੋਵੇਗਾ ਇਸ ਦਾ ਨਾਮ ਕੀ ਹੈ ।

ਸ੍ਰੀ ਖਡੂਰ ਸਾਹਿਬ
ਅ. ਸ੍ਰੀ ਗੋਇੰਦਵਾਲ ਸਾਹਿਬ
ੲ. ਸ੍ਰੀ ਤਰਨਤਾਰਨ ਸਾਹਿਬ
ਸ. ਨੌਰੰਗਾਬਾਦ

10. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਸਭ ਤੋਂ ਵੱਡਾ ਅਤੇ ਮਹਾਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਰਨਾ ਸੀ। ਪਹਿਲੇ ਚਾਰ ਸਿੱਖ ਗੁਰੂਆਂ ਅਤੇ ਕਈ ਸੰਤਾਂ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਅਤੇ ਆਪਣੇ 2216 ਸ਼ਬਦਾਂ ਨੂੰ ਸ਼ਾਮਿਲ ਕਰਕੇ 1604 ਈ, ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਪੂਰਾ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਆਪ ਬੋਲ ਕੇ ਲਿਖਵਾਉਂਦੇ ਸਨ। ਕੀ ਤੁਸੀ ਜਾਣਦੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਦੇ ਕੌਣ ਸਨ ?

ੳ. ਭਾਈ ਗੁਰਦਾਸ ਜੀ
ਅ. ਬਾਬਾ ਬੁੱਢਾ ਜੀ
ੲ. ਭਾਈ ਲਾਲ ਜੀ
ਸ. ਭਾਈ ਲਹਿਣਾ ਜੀ

Part 2(Text based Questions)

11. ਇੱਕ ਧਾਰਣਾ ਅਨੁਸਾਰ ਭਾਰਤ ਦਾ ਨਾਮ ਭਰਤ ਨਾਮੀ ਰਾਜੇ ਦੇ ਨਾਮ ਤੋਂ ਪਿਆ ਜਿਸਦਾ ਵਰਣਨ ਕਿੱਥੇ ਕੀਤਾ ਹੈ ?
ੳ. ਸਮਵੇਦ
ਅ. ਅਥਰਵੇਦ
ੲ. ਯਜੁਰਵੇਦ
ਸ. ਰਿਗਵੇਦ

12. 1911 ਈ. ਵਿੱਚ ਕਿਸ ਅੰਗਰੇਜ ਵਾਇਸਰਾਇ ਨੇ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਪੰਜਾਬ ਨੂੰ ਵੱਖ ਕਰ ਦਿੱਤਾ ?

LIVEWORKSHEETS

ੳ. ਲਾਰਡ ਕਰਜ਼ਨ
ਅ. ਲਾਰਡ ਵਾਰਨ ਹੇਸਟਿੰਗ
ੲ. ਲਾਰਗ ਡਲਹੌਜੀ
ਸ. ਲਾਰਡ ਹਾਰਡਿੰਗ
13. ਦੱਖਣ-ਪੱਛਮੀ ਮਾਨਸੂਨ ਪੌਣਾਂ ਜਦੋਂ ਪਹਿਲੀ ਜੂਨ ਨੂੰ ਪੱਛਮੀ ਤੱਟ ਤੇ ਬਹੁਤ ਜ਼ੋਰਦਾਰ ਵਰਖਾ ਕਰਦੀਆਂ ਹਨ ਤਾਂ ਇਸ ਨੂੰ ਕੀ ਕਿਹਾ ਜਾਂਦਾ ਹੈ ?
ੳ. ਕਾਲ-ਵੈਸਾਖੀ
ਅ. ਅੰਬਾਂ ਦੀ ਵਾਛੜ
ੲ. ਮਾਨਸੂਨ ਦਾ ਫੱਟਣਾ
ਸ. ਲੂ-ਲੱਗਣਾ
14. ਭਾਰਤ ਦੇ ਕਿਹੜੇ ਰਾਜ ਵਿੱਚ ਅਪਰੈਲ ਤੋਂ ਲੈ ਕੇ ਸਤੰਬਰ ਤੱਕ ਵਰਖਾ ਹੁੰਦੀ ਹੈ ?
ੳ. ਅਰੁਣਾਚਲ ਪ੍ਰਦੇਸ਼
ਅ. ਪੰਜਾਬ
ੲ. ਰਾਜਸਥਾਨ
ਸ. ਤਾਮਿਲਨਾਡੂ
15. ਸ੍ਰੀ ਗੁਰੂ ਅੰਗਦ ਦੇਵ ਜੀ ਨੇ "ਬਾਲਬੋਧ" ਕਿਉਂ ਤਿਆਰ ਕਰਵਾਇਆ ਸੀ ?
ੳ. ਭਾਸ਼ਾ ਦੇ ਪ੍ਰਚਾਰ ਲਈ
ਅ. ਪੰਜਾਬੀ ਸਹਿਤ ਦੇ ਪ੍ਰਚਾਰ ਲਈ
ੲ. ਗੁਰਬਾਣੀ ਦੇ ਪ੍ਰਚਾਰ ਲਈ
ਸ. ਪੰਜਾਬੀ ਲਿੱਪੀ ਦੇ ਪ੍ਰਚਾਰ ਲਈ
16. ਕਾਜ਼ੀ ਪੀਰ ਮੁਹੰਮਦ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਭਾਸ਼ਾ ਦੀ ਸਿੱਖਿਆ ਲਈ ?
ੳ. ਅਰਬੀ
ਅ. ਪੰਜਾਬੀ
ੲ. ਫਾਰਸੀ
ਸ. ਉਰਦੂ
17. ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਜ਼ਫਰਨਾਮਾ ਖਤ ਕਿਸ ਨੂੰ ਲਿਖਿਆ ਗਿਆ ਸੀ ?
ੳ. ਨਾਹਨ ਦੇ ਰਾਜੇ ਨੂੰ
ਅ. ਔਰੰਗਜੇਬ ਨੂੰ
ੲ. ਰਾਜਾ ਭੀਮ ਚੰਦ ਨੂੰ
ਸ. ਮਹਾਂਸਿੰਘ ਨੂੰ
18. ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਕਿੰਨੀ ਉਮਰ ਚਾਹੀਦੀ ਹੈ ?
ੳ. 18 ਸਾਲ
ਅ. 21 ਸਾਲ
ੲ. 35 ਸਾਲ
ਸ. 25 ਸਾਲ

LIVEWORKSHEETS

19. ਦੇਸ਼ ਦੇ ਵਿਦੇਸ਼ਾਂ ਵਿੱਚ ਰਾਜਦੂਤਾਂ ਦੀ ਨਿਯੁਕਤੀ ਕੌਣ ਕਰਦਾ ਹੈ ?

ੳ. ਰੱਖਿਆ ਮੰਤਰੀ

ਅ. ਪ੍ਰਧਾਨ ਮੰਤਰੀ

ੲ. ਰਾਸ਼ਟਰਪਤੀ

ਸ. ਮੁੱਖ ਜੱਜ

20. ਹਾਈ ਕੋਰਟ ਦਾ ਜੱਜ ਕਿੰਨੀ ਉਮਰ ਤੱਕ ਆਪਣੇ ਆਹੁਦੇ ਤੇ ਰਹਿ ਸਕਦਾ ਹੈ ?

ੳ. 58 ਸਾਲ

ਅ. 59 ਸਾਲ

ੲ. 60 ਸਾਲ

ਸ. 62 ਸਾਲ

LIVEWORKSHEETS